Alberta

ਬਿਆਨ

# ਅਲਬਰਟਾ ਪਹਿਲਾਂ ਨਾਲੋਂ ਜ਼ਿਆਦਾ ਮਜ਼ਬੂਤ: ਪ੍ਰੀਮੀਅਰ ਸਮਿਥ

29 ਮਈ, 2024 ਮੀਡੀਆ ਪੁੱਛਗਿੱਛ

## ਪ੍ਰੀਮੀਅਰ ਡੇਨੀਅਲ ਸਮਿਥ ਨੇ ਹੇਠ ਲਿਖਿਆ ਬਿਆਨ ਜਾਰੀ ਕੀਤਾ ਕਿ ਕਿਵੇਂ ਅਲਬਰਟਾ ਦੀ ਸਰਕਾਰ ਸਫਲਤਾਪੂਰਵਕ ਆਪਣੇ ਵਾਅਦਿਆਂ ਨੂੰ ਪੂਰਾ ਕਰ ਰਹੀ ਹੈ:

"ਅੱਜ ਤੋਂ ਇੱਕ ਸਾਲ ਪਹਿਲਾਂ ਦੀ ਗੱਲ ਹੈ ਕਿ ਅਲਬਰਟਾ ਵਿੱਚ ਵੋਟਰਾਂ ਨੇ ਸਾਡੀ ਸਰਕਾਰ ਨੂੰ ਲਗਾਤਾਰ ਦੂਜੀ ਵਾਰ ਚੁਣਿਆ ਸੀ। ਸਭ ਤੋਂ ਪਹਿਲਾਂ ਅਤੇ ਸਭ ਤੋਂ ਪ੍ਰਮੁੱਖ ਤੌਰ 'ਤੇ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਅਲਬਰਟਾ ਵਾਸੀਆਂ ਦੇ ਪ੍ਰੀਮੀਅਰ ਵਜੋਂ ਉਹਨਾਂ ਦੀ ਸੇਵਾ ਕਰਨਾ ਮੇਰੇ ਜੀਵਨ ਦਾ ਸਭ ਤੋਂ ਵੱਡਾ ਸਨਮਾਨ ਹੈ। ਮੈਂ ਇਹ ਨਹੀਂ ਦੱਸ ਸਕਦੀ ਕਿ ਮੈਨੂੰ ਇਸ ਖੂਬਸੂਰਤ ਸੂਬੇ ਅਤੇ ਇਸ ਨੂੰ ਘਰ ਕਹਿਣ ਵਾਲੇ ਲੋਕਾਂ 'ਤੇ ਕਿੰਨਾ ਮਾਣ ਹੈ। ਪਿਛਲੇ 12 ਮਹੀਨਿਆਂ ਵਿੱਚ, ਸਾਡੀ ਸਰਕਾਰ ਨੇ ਪਿਛਲੀਆਂ ਚੋਣਾਂ ਵਿੱਚ ਅਲਬਰਟਾ ਵਾਸੀਆਂ ਨਾਲ ਕੀਤੇ ਬਹੁਤ ਸਾਰੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਸਖ਼ਤ ਮਿਹਨਤ ਕੀਤੀ ਹੈ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸਰਕਾਰੀ ਵਿਧਾਇਕਾਂ, ਕੈਬਨਿਟ ਮੰਤਰੀਆਂ ਅਤੇ ਸੂਬਾਈ ਜਨਤਕ ਸੇਵਾ ਦੀ ਇੱਕ ਉੱਤਮ ਟੀਮ ਦੇ ਨਾਲ, ਅਸੀਂ ਅਲਬਰਟਾ ਐਡਵਾਂਟੇਜ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਦੇ ਆਪਣੇ ਆਦੇਸ਼ ਨੂੰ ਪੂਰਾ ਕਰ ਰਹੇ ਹਾਂ ਅਤੇ ਇਹ ਯਕੀਨੀ ਬਣਾ ਰਹੇ ਹਾਂ ਕਿ ਇਹ ਪ੍ਰਾਂਤ ਰਹਿਣ, ਕੰਮ ਕਰਨ, ਨਿਵੇਸ਼ ਕਰਨ ਅਤੇ ਅਤੇ ਇੱਕ ਪਰਿਵਾਰ ਨੂੰ ਪਾਲਣ ਲਈ ਸਭ ਤੋਂ ਵਧੀਆ ਸਥਾਨ ਬਣਿਆ ਰਹੇ।

"ਪ੍ਰੀਮੀਅਰ ਹੋਣ ਦੇ ਨਾਤੇ, ਮੈਂ ਹਮੇਸ਼ਾ ਅਲਬਰਟਾ ਅਤੇ ਅਲਬਰਟਾ ਵਾਸੀਆਂ ਲਈ ਲੜਾਂਗੀ। ਸਾਡੀ ਸਰਕਾਰ ਸੰਘੀ ਕਾਰਬਨ ਟੈਕਸ ਦਾ ਵਿਰੋਧ ਕਰਨਾ ਜਾਰੀ ਰੱਖਦੀ ਹੈ ਅਤੇ ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਹਨ ਜਿਨ੍ਹਾਂ ਨੇ ਕੈਨੇਡਾ-ਵਿਆਪੀ ਜੀਣ-ਦੀ-ਲਾਗਤ ਦੇ ਸੰਕਟ ਦੌਰਾਨ ਅਲਬਰਟਾ ਵਾਸੀਆਂ ਨੂੰ ਠੋਸ ਰਾਹਤ ਦੀ ਪੇਸ਼ਕਸ਼ ਕੀਤੀ ਹੈ। ਈਂਧਨ ਟੈਕਸ ਛੁੱਟੀ ਨੂੰ 2023 ਦੇ ਅੰਤ ਤੱਕ ਵਧਾਉਣਾ, ਅਲਬਰਟਾ ਵਾਸੀਆਂ ਦੀ $2 ਬਿਲੀਅਨ ਤੋਂ ਵੱਧ ਦੀ ਬਚਤ ਕਰਵਾਉਣ, ਅਤੇ ਸਾਰੇ ਟੈਕਸ ਬਰੈਕਟਾਂ ਨੂੰ ਇੰਡੈਕਸ ਕਰਨਾ, ਤਾਂ ਜੋ ਮਿਹਨਤੀ ਅਲਬਰਟਾ ਵਾਸੀਆਂ ਨੂੰ ਆਪਣੀ ਕਮਾਈ ਦਾ ਵੱਧ ਤੋਂ ਵੱਧ ਰੱਖਣ ਦਾ ਮੌਕਾ ਮਿਲ ਸਕੇ। ਅਸੀਂ ਇਹ ਵੀ ਯਕੀਨੀ ਬਣਾ ਰਹੇ ਹਾਂ ਕਿ ਅਲਬਰਟਾ ਦੇ ਬਜ਼ੁਰਗ ਰਜਿਸਟਰੀ ਸੇਵਾਵਾਂ 'ਤੇ ਬਜ਼ੁਰਗਾਂ ਨੂੰ 25 ਫੀਸਦੀ ਛੋਟ ਦੇ ਕੇ ਲੋੜੀਂਦੀਆਂ ਸੇਵਾਵਾਂ ਨੂੰ ਬਿਹਤਰ ਢੰਗ ਨਾਲ ਬਰਦਾਸ਼ਤ ਕਰ ਸਕਣ।

"ਅਲਬਰਟਾ ਨਿਕਾਸ (emissions) ਘਟਾਉਣ ਵਾਲੀਆਂ ਤਕਨਾਲੋਜੀਆਂ ਵਿੱਚ ਇੱਕ ਭਰੋਸੇਯੋਗ ਆਗੂ ਬਣਿਆ ਹੋਇਆ ਹੈ ਅਤੇ ਦੁਨੀਆ ਦੀਆਂ ਕੁਝ ਸਭ ਤੋਂ ਗੁੰਝਲਦਾਰ ਊਰਜਾ ਲੋੜਾਂ ਦੇ ਹੱਲ ਪੇਸ਼ ਕਰਨ ਲਈ ਜਾਣਿਆ ਜਾਂਦਾ ਹੈ। ਸਾਡੇ ਅਲਬਰਟਾ ਪੈਟਰੋ ਕੈਮੀਕਲਜ਼ ਇੰਸੈਂਟਿਵ ਪ੍ਰੋਗਰਾਮ ਦੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਨਵੇਂ ਕਾਰਬਨ ਕੈਪਚਰ, ਉਪਯੋਗਤਾ ਅਤੇ

ਸਟੋਰੇਜ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਸਮਰਥਨ ਅਤੇ ਤੇਜ਼ ਕਰਨ ਲਈ ਇੱਕ ਅਲਬਰਟਾ ਕਾਰਬਨ ਕੈਪਚਰ ਇੰਸੈਂਟਿਵ ਪ੍ਰੋਗਰਾਮ ਪੇਸ਼ ਕੀਤਾ ਹੈ। ਇਹ ਅਲਬਰਟਾ ਨੂੰ ਘੱਟ ਕਾਰਬਨ ਵਾਲੇ ਭਵਿੱਖ ਵਿੱਚ ਵਧਣ-ਫੁੱਲਣ ਵਿੱਚ ਮਦਦ ਕਰੇਗਾ ਅਤੇ ਸਾਡੀ ਵਿਭਿੰਨ ਆਰਥਿਕਤਾ ਵਿੱਚ ਹੋਰ ਨੌਕਰੀਆਂ ਪੈਦਾ ਕਰੇਗਾ।

"ਕੈਨੇਡਾ ਦੇ ਆਰਥਿਕ ਅਤੇ ਰੁਜ਼ਗਾਰ ਸਿਰਜਣ ਵਾਲੇ ਇੰਜਣ ਦੇ ਰੂਪ ਵਿੱਚ, ਅਲਬਰਟਾ ਦੇਸ਼ ਵਿੱਚ ਸਭ ਤੋਂ ਘੱਟ ਟੈਕਸ ਮਾਹੌਲ ਅਤੇ ਸਭ ਤੋਂ ਵੱਧ ਕਾਰੋਬਾਰ-ਅਨੁਕੂਲ ਨੀਤੀਆਂ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਦਾ ਹੈ। ਦਸੰਬਰ 2023 ਵਿੱਚ, ਅਸੀਂ ਅਲਬਰਟਾ ਦੇ ਟੈਕਸਾਂ ਨੂੰ ਘੱਟ ਰੱਖਣ ਅਤੇ ਇਹ ਯਕੀਨੀ ਬਣਾਉਣ ਲਈ *ਟੈਕਸਪੇਅਰ ਪ੍ਰੋਟੈਕਸ਼ਨ ਐਕਟ ਦਾ* ਵਿਸਤਾਰ ਕੀਤਾ ਹੈ ਕਿ ਭਵਿੱਖ ਵਿੱਚ ਕੋਈ ਵੀ ਸਰਕਾਰ ਰਾਏਸ਼ੁਮਾਰੀ ਵਿੱਚ ਅਲਬਰਟਾ ਵਾਸੀਆਂ ਤੋਂ ਪਹਿਲਾਂ ਮਨਜ਼ੂਰੀ ਲਏ ਬਿਨਾਂ ਨਿੱਜੀ ਜਾਂ ਕਾਰੋਬਾਰੀ ਟੈਕਸਾਂ ਵਿੱਚ ਵਾਧਾ ਨਾ ਕਰ ਸਕੇ।

"ਇਸ ਸਾਲ ਦੇ ਸ਼ੁਰੂ ਵਿੱਚ, ਅਸੀਂ ਅਲਬਰਟਾ ਇਜ਼ ਕਾਲਿੰਗ (Alberta is Calling) ਮੂਵਿੰਗ ਬੋਨਸ ਦੀ ਸ਼ੁਰੂਆਤ ਵੀ ਕੀਤੀ ਸੀ ਜਿਸਦੀ ਅਸੀਂ ਮੁਹਿੰਮ ਚਲਾਈ ਸੀ। ਇਹ ਇੱਕ-ਵਾਰ ਦਿੱਤਾ ਜਾਣ ਵਾਲਾ, $5,000 ਦਾ ਵਾਪਸੀਯੋਗ ਟੈਕਸ ਕ੍ਰੈਡਿਟ ਸੂਬੇ ਤੋਂ ਬਾਹਰ ਦੇ ਕਰਮਚਾਰੀਆਂ ਨੂੰ ਯੋਗ, ਉੱਚ-ਮੰਗ ਵਾਲੇ ਹੁਨਰਮੰਦ ਟ੍ਰੇਡ ਦੀਆਂ ਨੌਕਰੀਆਂ ਵਿੱਚ ਕਰੀਅਰ ਬਣਾਉਣ ਲਈ ਆਕਰਸ਼ਿਤ ਕਰਨ ਵਿੱਚ ਮਦਦ ਕਰੇਗਾ। ਸਾਡੀ ਵਿਵਿਧ ਆਰਥਿਕਤਾ ਦਾ ਮਤਲਬ ਹੈ ਕਿ ਹਰ ਉਦਯੋਗ ਵਿੱਚ ਅਲਬਰਟਾ ਵਾਸੀਆਂ ਲਈ ਵਧੇਰੇ ਮੌਕੇ ਹਨ। ਇਸ ਵਿੱਚ ਸਾਡਾ ਸੈਰ-ਸਪਾਟਾ ਉਦਯੋਗ ਸ਼ਾਮਲ ਹੈ ਅਤੇ ਅਸੀਂ ਇੱਕ ਨਵੀਂ ਸੈਰ-ਸਪਾਟਾ ਰਣਨੀਤੀ ਜਾਰੀ ਕੀਤੀ ਹੈ, ਜੋ 2035 ਤੱਕ ਅਲਬਰਟਾ ਦੀ ਵਿਜ਼ਟਰ ਆਰਥਿਕਤਾ ਨੂੰ $25 ਬਿਲੀਅਨ ਦੇ ਟੀਚੇ ਤੱਕ ਵਧਾਉਣ ਵਿੱਚ ਮਦਦ ਕਰੇਗੀ। ਉਹਨਾਂ ਯਤਨਾਂ ਦੇ ਹਿੱਸੇ ਵਜੋਂ, ਅਸੀਂ ਕੈਲਗਰੀ ਵਿੱਚ ਇੱਕ ਵਿਸ਼ਵ-ਪੱਧਰੀ ਖੇਤਰ ਅਤੇ ਮਨੋਰੰਜਨ ਡਿਸਟ੍ਰਿਕਟ ਲਈ ਸਹਾਇਕ ਬੁਨਿਆਦੀ ਢਾਂਚਾ ਬਣਾਉਣ ਲਈ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ।

"ਜਦੋਂ ਫਸਟ ਨੇਸ਼ਨਜ਼ ਅਤੇ ਮੇਟੀ ਉੱਦਮੀ ਸਫਲ ਹੁੰਦੇ ਹਨ, ਤਾਂ ਉਹਨਾਂ ਦੇ ਭਾਈਚਾਰੇ ਖੁਸ਼ਹਾਲ ਹੁੰਦੇ ਹਨ। ਇੰਡਿਜਿਨਸ ਲੋਕ ਖੁਸ਼ਹਾਲੀ ਵਿੱਚ ਸਾਡੇ ਭਾਈਵਾਲ ਹੋਣੇ ਚਾਹੀਦੇ ਹਨ ਅਤੇ ਇਸ ਲਈ ਅਸੀਂ ਅਲਬਰਟਾ ਇੰਡੀਜੀਨਸ ਔਪਰਚਿਊਨਿਟੀਜ਼ ਕਾਰਪੋਰੇਸ਼ਨ ਦੀ ਲੋਨ ਗਾਰੰਟੀ ਸਮਰੱਥਾ ਨੂੰ $3 ਬਿਲੀਅਨ ਤੱਕ ਵਧਾ ਦਿੱਤਾ ਹੈ। ਅਸੀਂ ਇੰਡਿਜਿਨਸ ਭਾਈਚਾਰੇ ਦੀ ਮਲਕੀਅਤ ਵਾਲੇ ਕਾਰੋਬਾਰਾਂ ਨੂੰ ਸਮਾਜਿਕ-ਆਰਥਿਕ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਕਾਰੋਬਾਰੀ ਵਿਕਾਸ ਦੇ ਮੌਕਿਆਂ ਦਾ ਲਾਭ ਉਠਾਉਣ ਵਿੱਚ ਮਦਦ ਕਰਨ ਲਈ 2024-25 ਵਿੱਤੀ ਸਾਲ ਲਈ ਐਬੋਰਿਜਿਨਲ ਬਿਜ਼ਨਸ ਇਨਵੈਸਟਮੈਂਟ ਫੰਡ ਨੂੰ ਸਾਲਾਨਾ $10 ਮਿਲੀਅਨ ਤੱਕ ਵਧਾ ਦਿੱਤਾ ਹੈ।

"ਅਲਬਰਟਾ ਦੇ ਸ਼ਹਿਰਾਂ ਵਿੱਚ, ਖਾਸ ਕਰਕੇ ਸਾਡੇ ਡਾਊਨਟਾਊਨ ਕੋਰਾਂ ਵਿੱਚ ਗੰਭੀਰ ਅਤੇ ਵਿਗੜ ਰਹੇ ਅਪਰਾਧ ਇੱਕ ਵੱਡੀ ਸਮੱਸਿਆ ਹੈ। ਇਸ ਮੁੱਦੇ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ, ਸਾਡੀ ਸਰਕਾਰ ਨੇ ਐਡਮੰਟਨ ਅਤੇ ਕੈਲਗਰੀ ਵਿੱਚ 100 ਪੁਲਿਸ ਅਧਿਕਾਰੀਆਂ ਲਈ ਫੰਡ ਮੁਹੱਈਆ ਕਰਵਾਏ ਹਨ, ਜਿਨ੍ਹਾਂ ਵਿੱਚ ਹੁਣ ਤੱਕ 50 ਤਾਇਨਾਤ ਕੀਤੇ ਜਾ ਚੁਕੇ ਹਨ। ਅਸੀਂ ਐਡਮੰਟਨ ਵਿੱਚ ਇੱਕ ਬਹੁਤ ਹੀ ਸਫਲ ਨੈਵੀਗੇਸ਼ਨ ਅਤੇ ਸਹਾਇਤਾ ਕੇਂਦਰ ਵੀ ਖੋਲ੍ਹਿਆ ਹੈ ਤਾਂ ਜੋ ਅਤਿਸੰਵੇਦਨਸ਼ੀਲ ਲੋਕਾਂ ਦੀ ਉਹਨਾਂ ਨੂੰ ਲੋੜੀਂਦੀ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਜਾ ਸਕੇ, ਭਾਵੇਂ ਉਹ ਸਰਕਾਰ ਦੁਆਰਾ ਜਾਰੀ ਆਈਡੀ ਪ੍ਰਾਪਤ ਕਰਨ ਦੀ ਯੋਗਤਾ ਹੋਵੇ, ਰਿਹਾਇਸ਼ ਤੱਕ ਪਹੁੰਚ ਹੋਵੇ, ਜ਼ਖ਼ਮ ਦੀ ਦੇਖਭਾਲ ਹੋਵੇ, ਮਾਨਸਿਕ ਸਿਹਤ ਅਤੇ ਨਸ਼ਾ ਮੁਕਤੀ ਸਹਾਇਤਾ ਹੋਵੇ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਮੁੜ ਜੁੜਨਾ ਹੋਵੇ। ਅਸੀਂ ਸੰਗਠਿਤ ਅਪਰਾਧ, ਬਾਲ ਪੋਰਨੋਗ੍ਰਾਫੀ, ਬੰਦੂਕ ਦੀ ਹਿੰਸਾ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਹੱਲ ਕਰਨ ਲਈ ਅਲਬਰਟਾ ਲਾਅ ਇਨਫੋਰਸਮੈਂਟ ਰਿਸਪਾਂਸ ਟੀਮ ਨੂੰ 2023 ਵਿੱਚ ਫੰਡਿੰਗ ਵਧਾ ਦਿੱਤੀ ਹੈ। ਸਾਡੀ ਸਰਕਾਰ ਨੇ ਉੱਚ ਜੋਖਮ ਅਤੇ  ਬਾਰ-ਬਾਰ ਅਪਰਾਧ ਕਰਨਾ ਵਾਲੇ ਜ਼ਮਾਨਤ ਤੇ ਆਏ ਅਪਰਾਧੀਆਂ ਲਈ ਗਿੱਟੇ ਦੇ ਬਰੇਸਲੇਟ ਦੇ ਪ੍ਰੋਗਰਾਮ ਨੂੰ ਪੇਸ਼ ਕਰਨ ਲਈ ਕਾਨੂੰਨ ਵੀ ਪਾਸ ਕੀਤਾ ਹੈ, ਜਿਸ ਨਾਲ ਅਲਬਰਟਨਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲਦੀ ਹੈ ਜਿੱਥੇ ਫੈਡਰਲ ਸਰਕਾਰ ਦੀਆਂ ਨੀਤੀਆਂ ਅਸਫਲ ਹੋਈਆਂ ਹਨ।

“ਅਲਬਰਟਾ ਵਿੱਚ ਇੱਕ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀ ਹੈ ਜੋ ਭਵਿੱਖ ਦੀਆਂ ਪੀੜ੍ਹੀਆਂ ਨੂੰ ਸਫਲਤਾ ਲਈ ਸਥਾਪਤ ਕਰ ਰਹੀ ਹੈ। ਉਸ ਸਫਲਤਾ ਨੂੰ ਯਕੀਨੀ ਬਣਾਉਣ ਲਈ, ਅਸੀਂ ਔਟਿਜ਼ਮ ਅਤੇ ਹੋਰ ਗੁੰਝਲਦਾਰ ਲੋੜਾਂ ਵਾਲੇ ਬੱਚਿਆਂ ਲਈ ਜਾਂਚ ਅਤੇ ਵਿਦਿਅਕ ਸਹਾਇਤਾ ਲਈ ਵਾਧੂ ਫੰਡ ਦੇਣ ਲਈ ਸੰਕਲਪ ਲਿਆ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਦੋਹਰੀ-ਕ੍ਰੈਡਿਟ ਪ੍ਰੋਗਰਾਮਿੰਗ ਅਤੇ ਕਰੀਅਰ ਅਤੇ ਤਕਨਾਲੋਜੀ ਅਧਿਐਨ ਨੂੰ ਵੀ ਵਧਾਇਆ ਹੈ ਤਾਂ ਜੋ ਵਿਦਿਆਰਥੀ ਕਰੀਅਰ ਦੇ ਮਾਰਗਾਂ ਦੀ ਖੋਜ ਕਰ ਸਕਣ ਅਤੇ ਪੋਸਟ-ਸੈਕੰਡਰੀ ਸਿੱਖਿਆ ਵਿੱਚ ਅਰਥਪੂਰਨ ਢੰਗ ਨਾਲ ਤਬਦੀਲ ਕਰ ਸਕਣ। ਅਸੀਂ ਹੁਨਰਮੰਦ ਟਰੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਆਪਣੇ ਯਤਨਾਂ ਵਿੱਚ ਅੱਗੇ ਵਧ ਰਹੇ ਹਾਂ ਕਿ ਅਲਬਰਟਾ ਵਾਸੀਆਂ ਨੂੰ ਉਹਨਾਂ ਲਈ ਉਪਲਬਧ ਮੌਕਿਆਂ ਬਾਰੇ ਪਤਾ ਹੈ, ਅਤੇ ਉਹਨਾਂ ਤੱਕ ਪਹੁੰਚ ਕਰ ਸਕਣ। ਇਸ ਨੂੰ ਪੂਰਾ ਕਰਨ ਲਈ, ਅਸੀਂ ਉੱਚ-ਮੰਗ ਵਾਲੇ ਪ੍ਰੋਗਰਾਮਾਂ ਵਿੱਚ ਨਵੀਆਂ ਸੀਟਾਂ ਜੋੜਨਾ ਜਾਰੀ ਰੱਖਦੇ ਹਾਂ, ਜਿਸ ਵਿੱਚ 11 ਅਲਬਰਟਾ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ 3,200 ਨਵੀਆਂ ਅਪ੍ਰੈਂਟਿਸਸ਼ਿਪ ਸੀਟਾਂ ਅਤੇ ਨਾਲ ਹੀ ਉਹਨਾਂ ਦੇ ਵਿਦਿਅਕ ਸਥਾਨਾਂ ਨੂੰ ਵਧਾਉਣ ਅਤੇ ਸੁਧਾਰਨ ਲਈ ਫੰਡ ਪ੍ਰਦਾਨ ਕਰਨਾ ਸ਼ਾਮਲ ਹਨ। ਹਾਲ ਹੀ ਵਿੱਚ, ਅਸੀਂ ਰੈੱਡ ਡੀਅਰ ਪੌਲੀਟੈਕਨਿਕ ਦੀ CIM-TAC ਫੈਸਿਲਟੀ ਅਤੇ NAIT ਦੇ ਐਡਵਾਂਸਡ ਸਕਿੱਲ ਸੈਂਟਰ ਲਈ ਯੋਜਨਾ ਦੇ ਕੰਮ ਲਈ ਫੰਡ ਦਿੱਤੇ ਹਨ। ਕਰੀਅਰ। ਟ੍ਰੇਡ ਵਧ ਰਹੀ ਆਰਥਿਕਤਾ ਲਈ ਮਹੱਤਵਪੂਰਨ ਹਨ ਅਤੇ ਸਾਡੀ ਸਰਕਾਰ ਲੇਬਰ ਫੋਰਸ ਦੀਆਂ ਮੰਗਾਂ ਦੇ ਨਾਲ ਉਹਨਾਂ ਹੁਨਰਾਂ ਦੇ ਵਿਕਾਸ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ, ਜਿਸ ਵਿੱਚ ਅਪ੍ਰੈਂਟਿਸਸ਼ਿਪ ਸਿਖਲਾਈ ਪ੍ਰਦਾਨ ਕਰਨ ਲਈ ਇੰਟਰਨੈਸ਼ਨਲ ਯੂਨੀਅਨ ਆਫ਼ ਓਪਰੇਟਿੰਗ ਇੰਜੀਨੀਅਰਜ਼ ਲੋਕਲ 955 ਦੇ ਨਾਲ ਇੱਕ ਇਤਿਹਾਸਕ ਭਾਈਵਾਲੀ ਸਥਾਪਤ ਕਰਨਾ ਸ਼ਾਮਲ ਹੈ।

“ਸਾਡੇ ਸੂਬੇ ਦੇ ਹਰ ਕੋਨੇ ਵਿੱਚ ਜੀਵਨ ਦੀ ਉੱਚ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਅਲਬਰਟਾ ਵਾਸੀਆਂ ਦੀ ਸਿਹਤ ਅਤੇ ਤੰਦਰੁਸਤੀ ਮਹੱਤਵਪੂਰਨ ਹੈ। ਇਸ ਲਈ ਅਸੀਂ ਇੱਕ ਮਜ਼ਬੂਤ, ਸਥਿਰ ਜਨਤਕ ਸਿਹਤ ਪ੍ਰਣਾਲੀ ਲਈ ਵਚਨਬੱਧ ਹਾਂ ਜੋ ਹਰੇਕ ਲਈ ਕੰਮ ਕਰਦੀ ਹੈ। ਪਿਛਲੇ ਸਾਲ ਵਿੱਚ, ਅਸੀਂ ਉੱਚ-ਗੁਣਵੱਤਾ ਵਾਲੀ ਸਿਹਤ ਦੇਖ-ਰੇਖ ਤੱਕ ਪਹੁੰਚ ਵਿੱਚ ਸੁਧਾਰ ਕਰਨ ਲਈ ਹੋਰ ਵੀ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ। ਅਸੀਂ ਇੱਕ ਨਰਸ ਪ੍ਰੈਕਟੀਸ਼ਨਰ ਮਾਡਲ ਲਿਆਏ ਹਨ ਤਾਂ ਜੋ ਵਧੇਰੇ ਅਲਬਰਟਾ ਵਾਸੀਆਂ ਨੂੰ ਉਹਨਾਂ ਦੀ ਲੋੜੀਂਦੀ ਪ੍ਰਾਇਮਰੀ ਕੇਅਰ ਪ੍ਰਦਾਤਾ ਮਿਲੇ, ਅਤੇ ਅਸੀਂ ਫੈਮਲੀ ਡਾਕਟਰਾਂ ਲਈ ਇੱਕ ਨਵੇਂ ਫੰਡਿੰਗ ਮਾਡਲ ਵੱਲ ਕੰਮ ਕਰਨ ਲਈ ਇੱਕ ਸਮਝੌਤੇ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ, ਸਾਡੀ ਸਰਕਾਰ ਨੇ ਹੋਰ ਬਿਮਾਰੀਆਂ ਅਤੇ ਸਥਿਤੀਆਂ ਦੀ ਜਾਂਚ ਕਰਨ ਲਈ ਨਵਜੰਮੇ ਬੱਚਿਆਂ ਦੀ ਸਕ੍ਰੀਨਿੰਗ ਦਾ ਵਿਸਤਾਰ ਕੀਤਾ ਹੈ ਅਤੇ ਇੱਕ ਪ੍ਰਾਂਤ-ਵਿਆਪੀ ਦਾਈਆਂ ਦੀ ਰਣਨੀਤੀ ਦੇ ਵਿਕਾਸ ਵਿੱਚ ਸਹਾਇਤਾ ਲਈ $10 ਮਿਲੀਅਨ ਅਲਾਟ ਕੀਤੇ ਹਨ। ਅਸੀਂ ਅਗਲੇ ਦੋ ਸਾਲਾਂ ਵਿੱਚ ਅਲਬਰਟਾ ਵੂਮੈਨਜ਼ ਹੈਲਥ ਫਾਊਂਡੇਸ਼ਨ ਲੇਗੇਸੀ ਗ੍ਰਾਂਟ ਨੂੰ $10 ਮਿਲੀਅਨ ਅਤੇ ਔਰਤਾਂ ਦੀ ਸਿਹਤ ਬਾਰੇ ਖੋਜ ਕਰਨ ਲਈ ਕੈਲਗਰੀ ਹੈਲਥ ਫਾਊਂਡੇਸ਼ਨ ਨੂੰ ਵਾਧੂ $10 ਮਿਲੀਅਨ ਵੀ ਪ੍ਰਦਾਨ ਕਰ ਰਹੇ ਹਾਂ।

“ਅਸੀਂ ਨਸ਼ੇ ਦੀ ਚੱਲ ਰਹੀ ਸਹੂਲਤ ਦੀ ਬਜਾਏ ਇੱਕ ਰਿਕਵਰੀ-ਆਧਾਰਿਤ ਮਾਡਲ ਬਣਾਉਣਾ ਜਾਰੀ ਰੱਖਦੇ ਹਾਂ। ਇਸਦਾ ਸਮਰਥਨ ਕਰਨ ਲਈ, ਸਾਡੀ ਸਰਕਾਰ ਨੇ ਮਾਨਸਿਕ ਸਿਹਤ ਅਤੇ ਨਸ਼ਾ ਮੁਕਤੀ ਦੇਖਭਾਲ ਦੇ ਵਿਸਤਾਰ ਲਈ $1.55 ਬਿਲੀਅਨ ਅਲਾਟ ਕੀਤੇ ਹਨ, ਜਿਸ ਵਿੱਚ ਨੌਜਵਾਨਾਂ, ਫਸਟ ਨੇਸ਼ਨਜ਼, ਮੇਟੀ ਅਤੇ ਇਨੁਇਟ ਭਾਈਚਾਰਿਆਂ ਲਈ ਸੇਵਾਵਾਂ ਅਤੇ ਮਾਨਸਿਕ ਸਿਹਤ ਅਤੇ ਨਸ਼ਾ ਮੁਕਤੀ ਦੇ ਇਲਾਜ ਦੀਆਂ ਸਹੂਲਤਾਂ ਵਿੱਚ ਨਿਵੇਸ਼ ਸ਼ਾਮਲ ਹਨ। ਪਿਛਲੇ ਸਾਲ ਵਿੱਚ, ਅਸੀਂ 11 ਵਿਸ਼ਵ ਪੱਧਰੀ ਰਿਕਵਰੀ ਕਮਿਊਨਿਟੀਆਂ ਵਿੱਚੋਂ ਪਹਿਲੇ ਦੋ ਨੂੰ ਖੋਲ੍ਹਿਆ ਹੈ ਤਾਂ ਜੋ ਹੋਰ ਲੋਕਾਂ ਨੂੰ ਰਿਕਵਰੀ ਕਰਨ ਦਾ ਮੌਕਾ ਦਿੱਤਾ ਜਾ ਸਕੇ। ਇਹ ਨਿਵੇਸ਼ ਅਲਬਰਟਾ ਦੇ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਲਈ ਮਹੱਤਵਪੂਰਨ ਹਨ।

“ਸਿਹਤਮੰਦ ਅਤੇ ਸੁਰੱਖਿਅਤ ਪਰਿਵਾਰਾਂ ਅਤੇ ਭਾਈਚਾਰਿਆਂ ਦਾ ਸਮਰਥਨ ਕਰਨ ਲਈ ਸਾਨੂੰ ਲਿੰਗ-ਆਧਾਰਿਤ ਹਿੰਸਾ ਨੂੰ ਖਤਮ ਕਰਨ ਅਤੇ ਇਸ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ ਕੰਮ ਕਰਦੇ ਰਹਿਣ ਦੀ ਵੀ ਲੋੜ ਹੈ। ਅਸੀਂ ਇਸਦੇ ਲਈ

ਵਚਨਬੱਧ ਹਾਂ ਅਤੇ ਅਲਬਰਟਾ ਵਿੱਚ ਔਰਤਾਂ ਦੇ ਐਮਰਜੈਂਸੀ ਸ਼ੈਲਟਰਾਂ ਲਈ ਇੱਕ ਵਾਧੂ $10 ਮਿਲੀਅਨ ਅਲਾਟ ਕੀਤੇ ਹਨ, ਜਿਸ ਵਿੱਚ ਹੋਰ ਬੈਡ ਅਤੇ ਫੰਡ ਸਪੇਸ ਜੋੜਨ ਲਈ $5 ਮਿਲੀਅਨ ਸ਼ਾਮਲ ਹਨ ਜੋ ਵਰਤਮਾਨ ਵਿੱਚ ਸਟਾਫ ਵਿੱਚ ਨਹੀਂ ਹਨ। ਅਸੀਂ ਸੂਬੇ ਭਰ ਵਿੱਚ ਜਿਨਸੀ ਸ਼ੋਸ਼ਣ ਕੇਂਦਰਾਂ ਦੀ ਸਹਾਇਤਾ ਲਈ ਅਗਲੇ ਤਿੰਨ ਸਾਲਾਂ ਵਿੱਚ $10 ਮਿਲੀਅਨ ਦੀ ਵਚਨਬੱਧਤਾ ਵੀ ਕੀਤੀ ਹੈ।

"ਅਸੀਂ ਇਸ ਸਾਲ ਦੇ ਜੰਗਲ ਦੀ ਅੱਗ ਤੋਂ ਅਲਬਰਟਾ ਦੇ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਅਣਥੱਕ ਕੰਮ ਕਰ ਰਹੇ ਹਾਂ। ਨਵੇਂ ਨਿਵੇਸ਼ਾਂ ਦਾ ਮਤਲਬ ਹੈ ਵਾਧੂ ਵਾਈਲਡਫਾਇਰ ਕਰਮਚਾਰੀ ਅਤੇ ਅਮਲੇ ਦੇ ਨਾਲ-ਨਾਲ ਹੋਰ ਤਕਨਾਲੋਜੀ ਅਤੇ ਸਾਜ਼ੋ-ਸਾਮਾਨ, ਜਿਸ ਵਿੱਚ ਨਾਈਟ-ਵਿਜ਼ਨ ਹੈਲੀਕਾਪਟਰ ਸ਼ਾਮਲ ਹਨ, ਤਾਂ ਜੋ ਅਸੀਂ ਰਾਤ ਨੂੰ ਜੰਗਲ ਦੀ ਅੱਗ ਨਾਲ ਲੜ ਸਕੀਏ, ਜਦੋਂ ਠੰਡਾ ਤਾਪਮਾਨ ਸਾਡੇ ਵੱਲ ਹੋਵੇ। ਸਾਡੀ ਸਰਕਾਰ ਸਾਰੇ ਸ਼ਾਨਦਾਰ ਵਾਈਲਡਲੈਂਡ ਫਾਇਰਫਾਈਟਰਾਂ ਦੇ ਨਾਲ-ਨਾਲ ਖੜ੍ਹੀ ਹੈ ਜੋ ਸ਼ਾਨਦਾਰ ਕੰਮ ਕਰਨਾ ਜਾਰੀ ਰੱਖ ਰਹੇ ਹਨ। ਜਦੋਂ ਕਿ ਅਸੀਂ ਮੌਜੂਦਾ ਸਥਿਤੀਆਂ ਦੀ ਉਮੀਦ ਕਰਦੇ ਹਾਂ ਜੋ ਸਾਡੀਆਂ ਜੰਗਲ ਦੀ ਅੱਗ ਦੀਆਂ ਟੀਮਾਂ ਨੂੰ ਲਾਭ ਪ੍ਰਦਾਨ ਕਰਨਗੀਆਂ, ਅਸੀਂ ਅੱਗ ਬੁਝਾਉਣ ਦੀਆਂ ਵਧੀਆਂ ਲੋੜਾਂ ਦਾ ਸਮਰਥਨ ਕਰਨ ਲਈ ਤਿਆਰ ਹਾਂ, ਅਤੇ ਅਸੀਂ ਆਪਣੀਆਂ ਵਚਨਬੱਧਤਾਵਾਂ ਵਿੱਚ ਡਟੇ ਰਹਾਂਗੇ।

"ਹਾਲਾਂਕਿ ਸਾਡੀ ਸਰਕਾਰ ਨੇ ਥੋੜ੍ਹੇ ਸਮੇਂ ਵਿੱਚ ਬਹੁਤ ਕੁਝ ਪੂਰਾ ਕੀਤਾ ਹੈ, ਪਰ ਅਜੇ ਵੀ ਬਹੁਤ ਸਾਰਾ ਕੰਮ ਕਰਨਾ ਬਾਕੀ ਹੈ। ਅਸੀਂ ਅਲਬਰਟਾ ਅਤੇ ਅਲਬਰਟਾ ਵਾਸੀਆਂ ਲਈ ਇਸ ਕੰਮ ਨੂੰ ਪ੍ਰਦਾਨ ਕਰਨ ਦੀ ਉਮੀਦ ਕਰਦੇ ਹਾਂ। ਮੈਂ ਇਸ ਪ੍ਰਾਂਤ ਵਿੱਚ ਮੌਜੂਦ ਮੌਕਿਆਂ ਅਤੇ ਭਵਿੱਖ ਵਿੱਚ ਮੌਜੂਦ ਮੌਕਿਆਂ ਤੋਂ ਉਤਸ਼ਾਹਿਤ ਹਾਂ। ਇਕੱਠੇ, ਅਸੀਂ ਅਲਬਰਟਾ ਦੀ ਕਹਾਣੀ ਦਾ ਇੱਕ ਨਵਾਂ ਅਧਿਆਇ ਲਿਖ ਰਹੇ ਹਾਂ। ਇਹ ਇੱਕ ਅਜਿਹੀ ਕਹਾਣੀ ਹੈ ਜਿਸਦਾ ਦੇਸ਼ ਅਤੇ ਦੁਨੀਆ ਭਰ ਵਿੱਚ ਗੂੰਜਦੇ ਰਹਿਣਾ ਜਾਰੀ ਹੈ। ਹਾਲਾਂਕਿ ਸਾਡੀ ਸਰਕਾਰ ਨੂੰ ਪੋਡੀਅਮਾਂ ਅਤੇ ਮੀਟਿੰਗ ਰੂਮਾਂ ਵਿੱਚ ਇਹ ਕਹਾਣੀ ਸੁਣਾਉਣ ਦਾ ਵਿਸ਼ੇਸ਼ ਸਨਮਾਨ ਹੈ, ਇਹ ਆਖਰਕਾਰ ਅਲਬਰਟਾ ਦੇ ਪਰਿਵਾਰ, ਕਰਮਚਾਰੀ ਅਤੇ ਕਾਰੋਬਾਰ ਹਨ ਜੋ ਇਸਦੀ ਸਮੱਗਰੀ ਪ੍ਰਦਾਨ ਕਰਨ ਵਿੱਚ ਮਦਦ ਕਰ ਰਹੇ ਹਨ।"

## ਮੀਡੀਆ ਪੁੱਛਗਿੱਛ


### Sam Blackett (ਸੈਮ ਬਲੈਕੇਟ)

587-589-6048
ਪ੍ਰੈੱਸ ਸਕੱਤਰ, ਔਫਿਸ ਔਫ ਦ ਪ੍ਰੀਮੀਅਰ